# ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ

ਛੇਵੀਂ ਮੰਜ਼ਿਲ, ਬਲਾਕ-ਈ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ, ਫੇਜ਼-8,ਐਸ.ਏ.ਐਸ.ਨਗਰ, ਫੋਨ ਨੰਬਰ:-0172-2212221

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ.)
ਸਮੂਹ ਸਕੂਲ ਮੁਖੀ (ਸਰਕਾਰੀ ਅਤੇ ਗੈਰ ਸਰਕਾਰੀ)
ਪੰਜਾਬ।

ਮੀਮੋ ਨੰਬਰ :967772 / 831-834
ਮਿਤੀ :ਐਸ.ਏ.ਐਸ.ਨਗਰ, 29-08-2025

ਵਿਸ਼ਾ: ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਦੀ ਯਾਦਗਾਰ (ਨਵੰਬਰ 2025 ਵਿੱਚ) ਸਬੰਧੀ।

ਹਵਾਲਾ : Department of Tourism and Cultural Affairs (Tourism Branch)Government of Punjab ਵੱਲੋਂ ਭੇਜੇ ਗਏ ਪੱਤਰ ਨੰ. CA/DCAM/1126-1128 Dated 14-08-2025 ਦੇ ਸਬੰਧ ਵਿੱਚ ।

ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ ।

1.0 ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 350ਵਾਂ ਸ਼ਹੀਦੀ ਦਿਹਾੜਾ ਨਵੰਬਰ 2025 ਵਿੱਚ ਮਨਾਇਆ ਜਾਵੇਗਾ। ਇਸ ਮੌਕੇ ਤੇ ਵੱਖ-ਵੱਖ ਸਮਾਗਮ ਅਤੇ ਗਤੀਵਿਧੀਆਂ ਕਰਵਾਈਆਂ ਜਾਣਗੀਆਂ ਤਾਂ ਜੋ ਗੁਰੂ ਸਾਹਿਬ ਜੀ ਦੇ ਨਿਆਂ, ਧਾਰਮਿਕ ਆਜ਼ਾਦੀ ਅਤੇ ਮਨੁੱਖੀ ਮੁੱਲਾਂ ਲਈ ਦਿੱਤੀ ਮਹਾਨ ਕੁਰਬਾਨੀ ਨੂੰ ਯਾਦ ਕੀਤਾ ਜਾ ਸਕੇ।

2.0 ਇਸ ਸਮਾਗਮ ਅਧੀਨ ਸਕੂਲਾਂ ਵਿੱਚ ਮਿਤੀ 19 ਨਵੰਬਰ 2025 ਤੋਂ 25 ਨਵੰਬਰ 2025 ਤੱਕ ਹਫਤਾ ਭਰ ਰੋਜਾਨਾ ਘੱਟੋ-ਘੱਟ ਇਕ ਘੰਟਾ ਚੱਲਣ ਵਾਲੇ ਯਾਦਗਾਰੀ ਸਮਾਗਮਾਂ ਦੌਰਾਨ ਹੇਠ ਲਿਖੀਆਂ ਗਤੀਵਿਧੀਆਂ ਕਰਵਾਈਆਂ ਜਾਣ ਜਿਸ ਵਿੱਚ 6ਵੀਂ ਤੋਂ 12ਵੀਂ ਜਮਾਤ ਦੇ ਵਿਦਿਆਰਥੀ ਭਾਗ ਲੈਣਗੇ।

| ਲੜੀ ਨੰ | ਗਤੀਵਿਧੀ | ਮਿਤੀ | ਦਿਨ |
|---|---|---|---|
| 1. | ਡੀਬੇਟ (Debate) | 19-11-2025 | ਬੁੱਧਵਾਰ |
| 2. | ਡੇਕਲਾਮੇਸ਼ਨ (Declamation Contest) | 20-11-2025 | ਵੀਰਵਾਰ |
| 3. | ਸੈਮੀਨਾਰ (Seminar) | 21-11-2025 | ਸ਼ੁੱਕਰਵਾਰ |
| 4. | ਲੇਖ ਮੁਕਾਬਲਾ (Essay Competition) | 22-11-2025 | ਸ਼ਨੀਵਾਰ |
| 5. | ਕਵਿਤਾਉਚਾਰਣ(Poetry Recitation) | 24-11-205 | ਸੋਮਵਾਰ |

3.0 ਸ੍ਰੀ ਗੁਰੂ ਤੇਗ ਬਹਾਦੁਰ ਜੀ ਦੇ ਜੀਵਨ ਨਾਲ ਸਬੰਧਿਤ ਹੇਠ ਲਿਖੇ ਵਿਸ਼ਿਆਂ ਵਿੱਚੋ ਉਪਰੋਕਤ ਗਤੀਵਿਧੀਆਂ ਕਰਵਾਈਆਂ ਜਾਣ-

- ਸ੍ਰੀ ਗੁਰੂ ਤੇਗ ਬਹਾਦੁਰ ਜੀ ਹਿੰਮਤ ਦਾ ਇੱਕ ਉੱਤਮ ਉਦਾਹਰਣ।
- ਸ੍ਰੀ ਗੁਰੂ ਤੇਗ ਬਹਾਦੁਰ ਜੀ ਆਜ਼ਾਦੀ ਅਤੇ ਬਲਿਦਾਨ ਦੇ ਸੱਚੇ ਹਿਮਾਇਤੀ।
- ਸ੍ਰੀ ਗੁਰੂ ਤੇਗ ਬਹਾਦੁਰ ਜੀ ਅਤੇ ਧਾਰਮਿਕ ਸਹਿਣਸ਼ੀਲਤਾ।
- ਸ੍ਰੀ ਗੁਰੂ ਤੇਗ ਬਹਾਦੁਰ ਜੀ ਅਤੇ ਦਿੱਲੀ ਵਿੱਚ ਸ਼ਹੀਦੀ।
- ਸ੍ਰੀ ਗੁਰੂ ਤੇਗ ਬਹਾਦੁਰ ਜੀ ਦਾ ਮਨੁੱਖਤਾ ਲਈ ਸੁਨੇਹਾ ।

4.0 ਪੰਜਾਬ ਰਾਜ ਦੇ ਸਮੂਹ ਸਕੂਲਾਂ ਵਿੱਚ ਉਕਤ ਗਤੀਵਿਧੀਆਂ ਕਰਵਾਉਣਾ ਯਕੀਨੀ ਬਣਾਇਆ ਜਾਵੇ।ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਵੱਲੋ ਆਪਣੇ ਜਿਲ੍ਹੇ ਦੀ ਕੰਪਾਇਲ ਰਿਪੋਰਟ scertactivities@punjabeducation.gov.in ਤੇ ਭੇਜਣੀ ਯਕੀਨੀ ਬਣਾਈ ਜਾਵੇ।

ਕਿਰਨ ਸ਼ਰਮਾ (ਪੀ.ਸੀ.ਐਸ.)
ਡਾਇਰੈਕਟਰ, ਐਸ.ਸੀ.ਈ.ਆਰ.ਟੀ.,ਪੰਜਾਬ।

ਪਿੱਠ ਅੰਕਣ ਨੰ. ਉਕਤ — ਮਿਤੀ:- ਐਸ.ਏ.ਐਸ. ਨਗਰ, 29-08-2025

ਉਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।

1. ਪੀ.ਏ. ਟੂ ਸਕੱਤਰ, ਸਕੂਲ ਸਿੱਖਿਆ, ਪੰਜਾਬ।
2. ਪੀ.ਏ. ਟੂ ਡੀ.ਜੀ.ਐਸ.ਈ., ਪੰਜਾਬ।
3. ਪੀ.ਏ. ਟੂ ਡੀ.ਐਸ.ਈ. (ਸੈ), ਪੰਜਾਬ।

ਸਹਾਇਕ ਡਾਇਰੈਕਟਰ
ਐਸ.ਸੀ.ਈ.ਆਰ.ਟੀ.,ਪੰਜਾਬ।

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਫਾਜ਼ਿਲਕਾ
ਪਿੱਠ ਅੰਕਣ ਨੰ ਕ-6/2025/14486 ਮਿਤੀ 13/10/2025.
ਉਪਰੋਕਤ ਪੱਤਰ ਦੇ ਸਬੰਧ ਵਿੱਚ ਸਮੂਹ ਸਕੂਲ ਮੁਖੀਆਂ ਨੂੰ ਲਿਖਿਆ ਜਾਂਦਾ ਹੈ ਕਿ ਪੱਤਰ ਵਿੱਚ ਦਿੱਤੀਆਂ ਹਿਦਾਇਤਾਂ ਅਨੁਸਾਰ ਗਤੀਵਿਧੀਆਂ ਕਰਵਾਈਆਂ ਯਕੀਨੀ ਬਣਾਈਆਂ ਜਾਣ।

13/10/25
ਉਪ. ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਫਾਜ਼ਿਲਕਾ

PK
13/10/25